ਨਿਊਜ਼ ਰਿਲੀਜ਼

# ਜ਼ੁਰਮ ਦੀ ਰੋਕਥਾਮ ਅਤੇ ਕਮਿਊਨਿਟੀਆਂ ਨੂੰ ਸੁਰੱਖਿਅਤ ਰੱਖਣਾ

24 ਅਗਸਤ 2022 ਮੀਡੀਆ ਇਨਕੁਆਰੀਆਂ

## ਐਲਬਰਟਾ ਸਰਕਾਰ ਉਨ੍ਹਾਂ ਪ੍ਰਾਜੈਕਟਾਂ ਅਤੇ ਪ੍ਰੋਗਰਾਮਾਂ ਲਈ ਸਹਾਇਤਾ ਨੂੰ ਵਧਾ ਰਹੀ ਹੈ ਜਿਹੜੇ ਜ਼ੁਰਮ ਦੀ ਰੋਕਥਾਮ ਕਰਦੇ ਅਤੇ ਐਲਬਰਟਾ ਨਿਵਾਸੀਆਂ ਨੂੰ ਸੁਰੱਖਿਅਤ ਰੱਖਦੇ ਹਨ।

ਯੋਗ ਬਣਦੇ ਗਰੁੱਪ ਅਤੇ ਸੰਸਥਾਵਾਂ ਜੋ ਜ਼ੁਰਮ ਨੂੰ ਰੋਕਣ ਅਤੇ ਘਟਾਉਣ ਲਈ ਕੰਮ ਕਰ ਰਹੇ ਹਨ, ਉਹ ਹੁਣ ਆਪਣੇ ਪ੍ਰਾਜੈਕਟਾਂ ਅਤੇ ਪਹਿਲਕਦਮੀਆਂ ਨੂੰ ਫੰਡ ਕਰਨ ਲਈ ਐਲਬਰਟਾ ਕ੍ਰਾਈਮ ਪ੍ਰੀਵੈਂਸ਼ਨ ਗਰਾਂਟ ਵਾਸਤੇ ਅਰਜ਼ੀਆਂ ਦੇ ਸਕਦੇ ਹਨ।

ਆਉਂਦੇ ਦੋ ਸਾਲਾਂ ਲਈ ਉਪਲਬਧ 5.2 ਮਿਲੀਅਨ ਡਾਲਰਾਂ ਦੀਆਂ ਗਰਾਂਟਾਂ ਜ਼ੁਰਮ ਦੀ ਰੋਕਥਾਮ, ਕਮਿਊਨਿਟੀ ਸੁਰੱਖਿਆ ਅਤੇ ਭਲਾਈ ਪ੍ਰੋਗਰਾਮਾਂ ਦੀ ਪ੍ਰਦਾਨਗੀ 'ਚ ਸਹਾਇਤਾ ਕਰਨਗੀਆਂ। ਪ੍ਰੋਗਰਾਮਾਂ 'ਚ ਸ਼ਾਮਲ ਹੋ ਸਕਦੇ ਹਨ, ਘਰੇਲੂ ਹਿੰਸਾ ਦੇ ਖਤਰੇ ਨੂੰ ਘਟਾਉਣ ਦੀਆਂ ਪਹਿਲਕਦਮੀਆਂ ਅਤੇ ਪ੍ਰਾਜੈਕਟ, ਯੂਥ ਆਊਟਰੀਚ ਪ੍ਰੋਗਰਾਮ ਅਤੇ ਐਲਬਰਟਾ ਦੇ ਪੇਂਡੂ ਖੇਤਰਾਂ 'ਚ ਜ਼ੁਰਮ ਦੀ ਰੋਕਥਾਮ ਵਾਲੀਆਂ ਸੰਸਥਾਵਾਂ ਲਈ ਸਿਖਲਾਈ ਅਤੇ ਸਟਾਫ ਰੱਖਣ ਦੇ ਪ੍ਰੋਗਰਾਮ।

ਸੰਸਥਾਵਾਂ Alberta Crime Prevention grant ਤੋਂ ਗਰਾਂਟ, ਸਮੇਤ ਯੋਗਤਾ ਜ਼ਰੂਰਤਾਂ ਅਤੇ ਅਰਜ਼ੀ ਕਿਵੇਂ ਦੇਣੀ ਹੈ, ਬਾਰੇ ਵਧੇਰੇ ਜਾਣ ਸਕਦੀਆਂ ਹਨ।

## ਫੌਰੀ ਤੱਥ

- ਐਲਬਰਟਾ ਕ੍ਰਾਈਮ ਪ੍ਰੀਵੈਂਸ਼ਨ ਗਰਾਂਟ ਪ੍ਰਤਿ ਸਾਲ ਇਕ ਸਮੇਂ ਦੀ 25,000 ਡਾਲਰ ਤੋਂ 150,000 ਡਾਲਰ ਤੱਕ ਦੀ ਫੰਡਿੰਗ ਪ੍ਰਾਜੈਕਟਾਂ ਅਤੇ ਪਹਿਲਕਦਮੀਆਂ ਲਈ ਦੋ ਸਾਲਾਂ ਦੇ ਸਮੇਂ ਤੱਕ ਮੁਹੱਈਆ ਕਰਦੀ ਹੈ।
- ਯੋਗ ਬਣਦੇ ਪ੍ਰਾਜੈਕਟ ਅਤੇ ਪਹਿਲਕਦਮੀਆਂ ਜ਼ਰੂਰੀ ਤੌਰ 'ਤੇ ਹੇਠ ਲਿਖਿਆਂ 'ਚੋਂ ਕਿਸੇ ਇਕ 'ਚ ਸਹਾਇਤਾ ਕਰਦੇ ਹੋਣ:
    - ਜ਼ੁਰਮ ਦੀ ਰੋਕਥਾਮ/ਕਮਿਊਨਿਟੀ ਸੁਰੱਖਿਆ ਅਤੇ ਭਲਾਈ ਦੇ ਪ੍ਰੋਗਰਾਮਾਂ, ਸੇਵਾਵਾਂ ਅਤੇ/ਜਾਂ ਮਦਦ ਦੀ ਪ੍ਰਦਾਨਗੀ
    - ਨਵਯੁਵਕ ਗੈਂਗ ਰੋਕਥਾਮ ਅਤੇ ਬਾਹਰ ਨਿਕਲਣ ਦੇ ਪ੍ਰੋਗਰਾਮ, ਸੇਵਾਵਾਂ ਅਤੇ/ਜਾਂ ਮਦਦ ਦੀ ਪ੍ਰਦਾਨਗੀ
    - ਐਕਟਿਵਿਟਿਆਂ, ਜਿਹੜੀਆਂ ਕਿਸੇ ਸੰਸਥਾ ਅਤੇ/ਜਾਂ ਕਮਿਊਨਿਟੀ ਦੀ ਆਪਣੇ ਜ਼ੁਰਮ ਰੋਕੂ/ਕਮਿਊਨਿਟੀ ਸੁਰੱਖਿਆ ਅਤੇ ਭਲਾਈ ਦੇ ਪ੍ਰੋਗਰਾਮਾਂ ਦੀ ਪ੍ਰਦਾਨਗੀ ਲਈ ਆਪਣੇ ਹੁਨਰ, ਜਾਣਕਾਰੀ ਅਤੇ ਸਮਰੱਥਾ ਨੂੰ ਵਧਾਉਣ 'ਚ ਮਦਦ ਕਰਦੀਆਂ ਹਨ, ਜਿੰਨ੍ਹਾਂ 'ਚ ਸ਼ਾਮਲ ਹਨ:
        - ਜਾਣਕਾਰੀ,ਸਿਖਲਾਈ ਅਤੇ ਸਰੋਤ/ਟੂਲ ਵਿਕਸਤ ਕਰਨਾਂ ਅਤੇ ਉਨ੍ਹਾਂ ਦੀ ਪ੍ਰਦਾਨਗੀ
        - ਪਬਲਿਕ ਸਿੱਖਿਆ ਅਤੇ ਚੇਤਨਾ ਕਾਰਵਾਈਆਂ
    - ਜ਼ੁਰਮਾਂ ਦੀ ਰੋਕਥਾਮ 'ਚ ਉਭਰਦੇ ਮੁੱਦਿਆਂ ਅਤੇ ਝੁਕਾਵਾਂ ਨਾਲ ਨਿਪਟਣ ਲਈ ਪਹਿਲਕਦਮੀਆਂ
    - ਪਬਲਿਕ/ਕਮਿਊਨਿਟੀ ਸੁਰੱਖਿਆ ਯੋਜਨਾਂ ਨੂੰ ਲਾਗੂ ਕਰਨਾਂ
- ਪ੍ਰਾਪਤਕਰਤਾ ਜ਼ਰੂਰੀ ਤੌਰ 'ਤੇ ਐਲਬਰਟਾ 'ਚ ਹੋਣ ਅਤੇ:
    - ਇਕ ਰਜਿਸਟਰਡ ਨਾਟ-ਫਾਰ-ਪ੍ਰਾਫਿਟ ਜਾਂ ਚੈਰਿਟੀ ਹੋਣ
    - ਕੋਈ ਫਸਟ ਨੇਸ਼ਨਜ਼ ਜਾਂ ਮੈਟਿਸ ਸੈਟਲਮੈਂਟ ਹੋਣ
    - ਇਕ ਮਿਊਂਸਪੈਲਿਟੀ ਹੋਣ
    - ਕੋਈ ਕਮਿਊਨਿਟੀ-ਆਧਾਰਿਤ ਪੁਲਿਸ ਪ੍ਰੋਗਰਾਮ ਜਾਂ ਸਰਵਿਸ ਹੋਣ
    - ਕੋਈ ਕਮਿਊਨਿਟੀ ਗਰੁੱਪ ਹੋਣ, ਜਿੰਨ੍ਹਾਂ ਦਾ ਕੋਈ ਨਿਰਧਾਰਤ ਵਿੱਤੀ ਏਜੰਟ ਹੋਵੇ
- ਯੋਗ ਬਣਦੇ ਅਰਜੀਕਰਤਾ 30 ਸਤੰਬਰ ਤੱਕ ਅਰਜ਼ੀ ਦੇ ਸਕਦੇ ਹਨ।

## ਸਬੰਧਤ ਜਾਣਕਾਰੀ

- ਐਲਬਰਟਾ ਕ੍ਰਾਈਮ ਪ੍ਰੀਵੈਂਸ਼ਨ ਗਰਾਂਟ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ